# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

5ਵੀਂ ਮੰਜਿਲ, ਈ.ਬਲਾਕ, ਪ.ਸ.ਸ.ਬ. ਕੰਪਲੈਕਸ, ਫੇਜ਼ 8, ਮੋਹਾਲੀ (ਅਜੀਤਗੜ੍ਹ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ ਐ.ਸਿ.)
ਪੰਜਾਬ

ਮੀਮੋ ਨੰ: 2013/ਡੀ.ਜੀ.ਐਸ.ਈ./ਕੋਆਰਡੀਨੇਸ਼ਨ/017930
ਮਿਤੀ: ਚੰਡੀਗੜ੍ਹ, 06 .11.2013

**ਵਿਸ਼ਾ: ਵੋਟ ਬਨਾਉਣ ਅਤੇ ਪ੍ਰਣ ਪੱਤਰ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਉਹ ਵਿਦਿਆਰਥੀ ਜ਼ੋ ਮਿਤੀ: 31.12.1995 ਤੋਂ ਪਹਿਲਾਂ ਪੈਦਾ ਹੋਏ ਹਨ, ਜਿਨ੍ਹਾਂ ਦੀ ਉਮਰ ਮਿਤੀ. 01.01.2014 ਨੂੰ 18 ਸਾਲ ਜਾਂ ਇਸ ਤੋਂ ਵੱਧ ਹੈ, ਵੋਟ ਬਨਣ ਤੋਂ ਵਾਂਝਾ ਨਹੀਂ ਹੈ।ਇਸ ਸਬੰਧੀ ਸਕੂਲ ਮੁੱਖੀਆਂ ਤੋਂ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ ਅਤੇ ਆਪ ਵੱਲੋਂ ਆਪਣੇ ਜਿਲ੍ਹੇ ਸਬੰਧੀ ਸਰਟੀਫਿਕੇਟ ਇਸ ਦਫਤਰ ਨੂੰ ਭੇਜਿਆ ਜਾਣਾ ਹੈ।

3.0 ਸਕੂਲਾਂ ਵਿੱਚ ਵੋਟਰਾਂ ਨੂੰ ਜਾਗਰੁਕ ਕਰਨ ਸਬੰਧੀ ਲੇਖ ਮੁਕਾਬਲੇ, ਭਾਸ਼ਨ ਪ੍ਰਤੀਯੋਗਿਤਾ, ਪੋਸਟਰ ਮੇਕਿੰਗ ਮੁਕਾਬਲੇ, ਰੈਲੀਆਂ ਆਦਿ ਮਿਤੀ: 15.11.13 ਤੱਕ ਸਕੂਲ ਪੱਧਰ ਤੇ, 30.11.13 ਤੱਕ ਬਲਾਕ ਪੱਧਰ ਅਤੇ ਮਿਤੀ. 16.12.13 ਤੱਕ ਜਿਲ੍ਹਾ ਪੱਧਰ ਤੇ ਕਰਵਾਉਣ ਉਪਰੰਤ ਪਹਿਲੇ ਨੰਬਰ ਤੇ ਆਉਣ ਵਾਲੇ ਵਿਦਿਆਰਥੀ ਦੀ ਸੂਚਨਾ ਭੇਜੀ ਜਾਵੇ।

4.0 ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਪਰਿਵਾਰਾਂ ਤੋਂ ਨਾਲ ਨੱਥੀ ਪ੍ਰਣ ਪੱਤਰ ਹਸਤਾਖਰ ਕਰਵਾਉਣ ਉਪਰੰਤ ਰਿਪੋਰਟ ਜਿਲ੍ਹਾ ਪੱਧਰ ਤੇ ਇਕੱਠੀ ਕੀਤੀ ਜਾਵੇ ਅਤੇ ਆਪ ਵੱਲੋਂ ਇਸ ਸਬੰਧੀ ਸਰਟੀਫਿਕੇਟ ਇਸ ਦਫਤਰ ਨੂੰ ਭੇਜਿਆ ਜਾਵੇ।

5.0 ਉਕਤ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
ਪੰਜਾਬ।

ਪਿੱਠ ਅੰਕਣ ਨੰ. ਉਕਤ ਮਿਤੀ 06.11.13

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ ਜੀ।

1. ਮੁੱਖ ਚੋਣ ਅਫਸਰ, ਪੰਜਾਬ, ਜੀ ਨੂੰ ਉਨ੍ਹਾਂ ਦੇ ਪੱਤਰ ਨੰ: ਚੋਣ/2013/ਸਵੀਪ-6227, ਮਿਤੀ: 29.10.2013 ਦੇ ਸਬੰਧ ਵਿੱਚ।
2. ਸੁਪਰਡੰਟ, ਸਿੱਖਿਆ ਸ਼ਾਖਾ-6, ਸਿੱਖਿਆ ਵਿਭਾਗ, ਪੰਜਾਬ ਜੀ ਦੇ ਪੱਤਰ ਨੰ:3/449185-2ਸਿੱ6/115716/1ਮਿਤੀ: ਚੰਡੀਗੜ੍ਹ. 29.10.13 ਦੇ ਸਬੰਧ ਵਿੱਚ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
ਪੰਜਾਬ।

2

# ਜ਼ਿੰਮੇਵਾਰ ਬਣੋ ਵੋਟਰ ਬਣੋ

## ਵੋਟਰ ਪ੍ਰਣ

ਅਸੀ ਭਾਰਤ ਦੇ ਨਾਗਰਿਕ ਲੋਕਤੰਤਰ ਵਿੱਚ ਵਿਸ਼ਵਾਸ ਰੱਖਦੇ ਹੋਏ ਪ੍ਰਣ ਕਰਦੇ ਹਾਂ ਕਿ ਅਸੀ ਆਪਣੇ ਦੇਸ਼ ਦੀਆਂ ਲੋਕਤਾਂਤਰਿਕ ਪਰੰਪਰਾਵਾਂ ਨੂੰ ਬਣਾਏ ਰੱਖਾਂਗੇ ਅਤੇ ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਣ ਚੋਣ ਦੀ ਗਰੀਮਾ ਨੂੰ ਬਰਕਰਾਰ ਰੱਖਦੇ ਹੋਏ ਅਸੀ ਆਪਣੀ ਵੋਟ ਬਣਵਾਵਾਂਗੇ ਅਤੇ ਆਪਣੇ ਵੋਟ ਦੇ ਅਧਿਕਾਰ ਦਾ ਨਿਡਰ ਹੋ ਕੇ ਅਤੇ ਧਰਮ, ਵਰਗ, ਜਾਤੀ, ਸਮੁਦਾਇ ਭਾਸ਼ਾ ਜਾਂ ਕਿਸੇ ਲਾਲਚ ਦੇ ਪ੍ਰਭਾਵ ਤੋਂ ਬਿਨਾ ਇਸਤੇਮਾਲ ਕਰਾਂਗੇ।

ਭਾਰਤ ਚੋਣ ਕਮਿਸ਼ਨ

**ਵੱਧ ਭਾਗੀਦਾਰੀ ਰਾਹੀਂ**

**ਮਜ਼ਬੂਤ ਲੋਕਤੰਤਰ**